BCM SCHOOL BASANT AVENUE DUGRI LUDHIANA

Class XII Arts

Subject -Punjabi

**Assignment Answer key**

**1.ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ -**

**(i)ਵੱਡਿਆਂ ਦਾ ਸਤਿਕਾਰ ਤੇ ਬਰਾਬਰ ਦਿਆਂ ਨੂੰ ਮਾਣ ਕੌਣ ਦਿੰਦਾ ਹੈ ?**

**(ੳ) ਸੁਲੱਖਣਾ ਬੰਦਾ (ਅ) ਹਰ ਕੋਈ (ੲ) ਆਪ ਹੁਦਰਾ (ਸ) ਕਾਹਲੇ ਸੁਭਾਅ ਵਾਲਾ**

**ਉੱਤਰ -ਸੁਲੱਖਣਾ ਬੰਦਾ**

**(ii) ਸੁਲੱਖਣੇ ਬੰਦਿਆਂ ਦਾ ਵੱਡਾ ਚਿੰਨ੍ਹ ਕਿਹੜਾ ਹੈ ?**

**(ੳ) ਵੱਡਿਆਂ ਦਾ ਸਤਿਕਾਰ। (ਅ) ਲੋਕਾਂ ਨੂੰ ਰਾਹੇ ਪਾਉਣਾ**

**(ੲ) ਇਸਤਰੀਆਂ ਦਾ ਹਰ ਥਾਂ ਮਾਣ ਸਤਿਕਾਰ ਕਰਨਾ। (ਸ) ਇਨ੍ਹਾਂ 'ਚੋਂ ਕੋਈ ਵੀ ਨਹੀਂ**

**ਉੱਤਰ – ਇਸਤਰੀਆਂ ਦਾ ਹਰ ਥਾਂ ਮਾਣ ਸਤਿਕਾਰ ਕਰਨਾ**

**(iii)ਸਾਊ ਬੰਦੇ ਦੀ ਮੋਟੀ ਜਿਹੀ ਨਿਸ਼ਾਨੀ ਕਿਹੜੀ ਦੱਸੀ ਗਈ ਹੈ ?**

**(ੳ) ਕਦੇ ਕਾਹਲਾ ਨਹੀਂ ਪੈਂਦਾ (ਅ) ਹਫੜ-ਦਫੜ ਕਰਦਾ**

**(ੲ) ਵੱਡਿਆਂ ਦਾ ਸਤਿਕਾਰ ਕਰਦਾ (ਸ) ਗੁੱਸੇਖੋਰਾ**

**ਉੱਤਰ -ਕਦੇ ਕਾਹਲਾ ਨਹੀਂ ਪੈਂਦਾ**

**(iv)ਕੌਣ ਗੱਡੀ ਚੜ੍ਹਨ ਲਈ ਧੱਕਮ-ਧੱਕਾ ਕਰਦੇ ਹਨ ?**

**(ੳ) ਸਾਊ (ਅ) ਸੁਲੱਖਣੇ (ੲ) ਆਮ ਲੋਕ (ਸ) ਸਮਝਦਾਰ**

**ਉੱਤਰ - ਆਮ ਲੋਕ**

**(v)ਖ਼ਾਲੀ ਥਾਂ ਭਰੋ :**

**ਪਰ ਸੁਚੱਜਾ ਆਦਮੀ ... ਟਿਕਿਆ ਰਹਿੰਦਾ ਹੈ।**

(ੳ) ਅਰਾਮ ਨਾਲ (ਅ) ਅਡੋਲ (ੲ) ਸਬਰ ਨਾਲ (ਸ) ਡਾਵਾਂਡੋਲ

ਉੱਤਰ - ਅਡੋਲ

(Vi )ਦੂਜਿਆਂ ਦਾ ਖ਼ਿਆਲ ਖਾਸ ਕਰਕੇ ਕਦੋਂ ਰੱਖਣਾ ਚਾਹੀਦਾ ਹੈ ?

(ੳ) ਆਪੋ ਵਿੱਚ ਗੱਲ ਕਰਦਿਆਂ (ਅ) ਸਫ਼ਰ ਕਰਦਿਆਂ

(ੲ) ਰੋਟੀ ਖਾਂਦਿਆਂ (ਸ) ਅਖ਼ਬਾਰ ਪੜ੍ਹਦਿਆਂ

ਉੱਤਰ - ਆਪੋ ਵਿੱਚ ਗੱਲ ਕਰਦਿਆ

(vii)ਉਪਰੋਕਤ ਪੈਰੇ ਅਨੁਸਾਰ ਵਰਤਣ ਤੇ ਬੈਠਣ ਦੇ ਮੋਟੇ ਨਿਯਮ ਕਿਹੜੇ ਹਨ ?

(ੳ) ਉੱਚਾ ਨਾ ਬੋਲਣਾ (ਅ) ਕਿਸੇ ਦੀ ਪੁਸਤਕ ਜਾਂ ਅਖ਼ਬਾਰ ਨਾ ਪੜ੍ਹਨੀ

(ੲ) ਆਪੋ ਵਿੱਚ ਗੱਲ ਕਰਦਿਆਂ ਇੱਕ ਦੂਜੇ ਦਾ ਖ਼ਿਆਲ ਰੱਖਣਾ

(ਸ) ਉਪਰੋਕਤ ਸਾਰੇ ਹੀ (ੳ, ਅ, ੲ)

ਉੱਤਰ - ਉਪਰੋਕਤ ਸਾਰੇ ਹੀ

(viii)ਪੈਰੇ ਦਾ ਢੁਕਵਾਂ ਸਿਰਲੇਖ ਦੱਸੋ।

(ੳ) ਸੁਲੱਖਣਾ ਬੰਦਾ/ਸੁਲਝਿਆ ਇਨਸਾਨ (ਅ) ਸਾਊ ਬੰਦੇ ਦੇ ਫ਼ਰਜ਼

(ੲ) ਜੀਵਨ ਜਾਚ ਦੇ ਤਰੀਕੇ (ਸ) ਆਪਸੀ ਮਿਲਵਰਤਣ

ਉੱਤਰ - ਸੁਲਖਣਾ ਬੰਦਾ

2. ਲਿਖਣ ਕੌਸ਼ਲ

1.ਤੁਸੀਂ ਆਪਣੇ ਕੈਫੇ ਲਈ ਕਿਸੇ ਕੰਪਨੀ ਦਾ ਕੰਪਿਊਟਰ ਸੰਗਮ ਕੰਪਿਊਟਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ ਖਰੀਦਿਆ ਸੀ ਕੰਪਿਊਟਰ ਵਿੱਚ ਆਈਆਂ ਖਰਾਬੀਆਂ ਬਾਰੇ ਉਕਤ ਫਰਮ ਨੂੰ ਪੱਤਰ ਲਿਖੋ।

ਉੱਤਰ - ਵਿਦਿਆਰਥੀ ਇਸ ਪ੍ਰਸ਼ਨ ਦਾ ਉੱਤਰ ਆਪਣੀ ਸਮਝ ਅਨੁਸਾਰ ਦੇਣਗੇ।

2. ਕਿਸੇ ਇੱਕ ਵਿਸ਼ੇ ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ ਰਚਨਾ ਲਿਖੋ।

ਚੋਣਾਂ ਦਾ ਦ੍ਰਿਸ਼ ਜਾਂ ਸਮੇਂ ਦੀ ਪਾਬੰਦੀ

ਉੱਤਰ -ਵਿਦਿਆਰਥੀ ਇਸ ਪ੍ਰਸ਼ਨ ਦਾ ਉੱਤਰ ਆਪਣੀ ਸਮਝ ਅਨੁਸਾਰ ਦੇਣਗੇ।

3.ਵਿਆਕਰਨ

ਵਾਕ-ਵਟਾਂਦਰਾ

1.ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ :

(i) ਕਾਂ ਚਿੜੀ ਤੋਂ ਰੋਟੀ ਖੋਹ ਕੇ ਉੱਡ ਗਿਆ । (ਸੰਯੁਕਤ-ਵਾਕ)

(ii) ਸੰਦੀਪ ਮੀਂਹ ਪੈਣ ਕਾਰਨ ਅੱਜ ਸ਼ਹਿਰ ਨਹੀਂ ਗਈ। (ਮਿਸ਼ਰਿਤ-ਵਾਕ)

(iii) ਚੰਗੇ ਲੋਕ ਸਭ ਦਾ ਚੰਗਾ ਲੋੜਦੇ ਹਨ। (ਨਾਂਹ-ਵਾਚਕ ਵਾਕ)

(iv) ਸੁਮੀਤ ਨੇ ਦੁੱਧ ਪੀਤਾ। (ਕਰਮਣੀ-ਵਾਚ)

(v) ਕਾਸ਼ ਮੇਰੀ ਲਾਟਰੀ ਨਿਕਲ ਆਵੇ । (ਸਾਧਾਰਨ-ਵਾਕ)

ਉੱਤਰ -1.ਕਾਂ ਨੇ ਚਿੜੀ ਤੋਂ ਰੋਟੀ ਖੋਹੀ ਅਤੇ ਉੱਡ ਗਿਆ।

2.ਸੰਦੀਪ ਅੱਜ ਸ਼ਹਿਰ ਨਹੀਂ ਗਈ ਕਿਉਂਕਿ ਮੀਂਹ ਪੈ ਰਿਹਾ ਸੀ।

3.ਚੰਗੇ ਲੋਕ ਕਿਸੇ ਦਾ ਮਾੜਾ ਨਹੀਂ ਸੋਚਦੇ।

4.ਦੁੱਧ ਸੁਮੀਤ ਦੁਆਰਾ ਪੀਤਾ ਗਿਆ।

5. ਮੇਰੀ ਇੱਛਾ ਹੈ ਕਿ ਮੇਰੀ ਲਾਟਰੀ ਨਿਕਲ ਆਵੇ।

2.ਅਖਾਣ/ਅਖਾਉਂਤਾਂ

ਹੇਠ ਦਿੱਤੇ ਗਏ ਅਖਾਣਾਂ ਵਿੱਚੋਂ ਕਿਸੇ ਪੰਜ ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਉਹਨਾਂ ਦੀ ਸਥਿਤੀ ਸਪਸ਼ਟ ਹੋ ਜਾਵੇ :

(I)ਸਚੈ ਮਾਰਗਿ ਚਲਦਿਆਂ ਉਸਤਤਿ ਕਰੇ ਜਹਾਨੁ।

(ii) ਬਹਿ ਕੇ ਖਾਂਦਿਆਂ ਤਾਂ ਖੂਹ ਵੀ ਨਿਖੁੱਟ ਜਾਂਦੇ ਨੇ।

(iii) ਆਦਰ ਤੇਰੀ ਚਾਦਰ ਨੂੰ ਤੇ ਬਹਿਣਾ ਤੇਰੇ ਗਹਿਣੇ ਨੂੰ।

(iv)  ਨਵਾਂ ਨੌਂ ਦਿਨ ਪੁਰਾਣਾ ਸੌ ਦਿਨ।

(v)ਹਿੰਗ ਲੱਗੇ ਨਾ ਫਟਕੜੀ, ਰੰਗ ਚੋਖਾ ਆਵੇ।

(vi)ਬਿੱਲੀ ਦੇ ਸਰ੍ਹਾਣੇ ਦੁੱਧ ਨਹੀਂ ਜੰਮਦਾ।

-ਵਿਦਿਆਰਥੀ ਇਸ ਪ੍ਰਸ਼ਨ ਦਾ ਉੱਤਰ ਆਪਣੀ ਸਮਝ ਅਨੁਸਾਰ ਦੇਣਗੇ।

ਸਾਹਿਤ

(ਪਾਠ-ਪੁਸਤਕ ਆਧਾਰਿਤ ਪ੍ਰਸ਼ਨ)

1.ਕਵਿਤਾਵਾਂ ਵਿੱਚੋਂ

ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਲੱਗ ਟਾਹਣਾਂ ਗਲ ਵੇਲਾਂ ਸੁੱਤੀਆਂ, ਲੱਗ ਵੇਲਾਂ ਗਲ ਕਲੀਆਂ, ਲੱਗ ਕਲੀਆਂ ਗਲ ਗੰਧਾਂ ਸੁੱਤੀਆਂ, ਨੀਂਦ ਵਲ੍ਹੇਵੇ ਵਲੀਆਂ। ਸ਼ਾਂਤ ਸੁੱਤੇ ਜਮਨਾ ਦੇ ਕੰਢੇ, ਹਰੇ ਭਰੇ ਅਤੇ ਸਾਵੇ, ਨੀਂਦ ਵਿਗੁੱਤੀ ਜਲ-ਧਾਰਾ ਨੂੰ, ਬੰਨ੍ਹੀ ਵਿੱਚ ਕਲਾਵੇ।

ਜਾਂ

ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ। ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ। ਇੱਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ-ਲਿਖ ਮਾਰ ਵੈਣ। ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਸ ਸ਼ਾਹ ਨੂੰ ਕਹਿਣ ।

2. ਕਹਾਣੀਆਂ ਵਿੱਚੋਂ

'ਨੀਲੀ' ਕਹਾਣੀ ਦੇ ਦੇ ਵਿਸ਼ਾ ਵਸਤੂ ਬਾਰੇ 125 ਤੋਂ 150 ਸ਼ਬਦਾਂ ਵਿੱਚ ਚਰਚਾ ਕਰੋ।

ਜਾਂ

'ਘਰ ਜਾ ਆਪਣੇ' ਕਹਾਣੀ ਦੇ ਆਧਾਰ 'ਤੇ ਜੀਤੋ ਦੇ ਵੀਰ' ਦਾ ਪਾਤਰ-ਚਿਤਰਨ 125 ਤੋਂ 150 ਸ਼ਬਦਾਂ ਵਿੱਚ ਲਿਖੋ।

3.ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ :

(i) 'ਸਾਂਝ' ਕਹਾਣੀ ਵਿੱਚ ਕਿਹੜੀ ਸਾਂਝ ਦਾ ਜ਼ਿਕਰ ਕੀਤਾ ਗਿਆ ਹੈ ?

(ii) 'ਨੀਲੀ' ਦੀ ਵੱਛੀ ਦੀ ਸ਼ਕਲ ਕਿਹੋ ਜਿਹੀ ਸੀ ?

(iii) ਲੇਖਕ ਕਿਸ ਨੂੰ ਚਿੱਠੀ ਲਿਖਣ ਦਾ ਯਤਨ ਕਰ ਰਿਹਾ ਸੀ ?

(iv) ਜੀਤੋ ਦੇ ਵੀਰ ਨੂੰ ਗੱਚ ਕਿਸ ਗੱਲ ‘ਤੇ ਆ ਗਿਆ ?

(v) ਨੀਲੀ ਦੀ ਵੱਛੀ ਕਿਉਂ ਮਰ ਗਈ ਸੀ?

4.ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ 70 ਤੋਂ 80 ਸ਼ਬਦਾਂ ਵਿੱਚ ਲਿਖੋ :

(i) ਪੰਜਾਬ ਦੇ ਮੇਲਿਆਂ ਦੀ ਕਿਹੜੀ-ਕਿਹੜੀ ਵਿਸ਼ੇਸ਼ਤਾ ਹੈ ?

(ii) ਲੋਕ-ਖੇਡਾਂ ਮਨੁੱਖ ਨੂੰ ਕਿਹੜੀਆਂ-ਕਿਹੜੀਆਂ ਭਾਵਨਾਵਾਂ ਪ੍ਰਦਾਨ ਕਰਦੀਆਂ ਹਨ ?

(iii) ਵਿਆਹ ਕੇ ਲਿਆਉਣ ਪਿੱਛੋਂ ਮੁੰਡੇ ਦੇ ਘਰ ਕਿਹੜੀਆਂ-ਕਿਹੜੀਆਂ ਰਸਮਾਂ ਹੁੰਦੀਆਂ ਹਨ ?

( ਵਿਦਿਆਰਥੀ ਸਾਹਿਤ ਦੇ ਇਨਾਂ ਪ੍ਰਸ਼ਨਾਂ ਦੇ ਉੱਤਰ ਪਾਠਾਂ ਦੀ ਸਮਝ ਦੇ ਅਨੁਸਾਰ ਖੁਦ ਦੇਣਗੇ।